Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# JSS-24-I

**प्रश्न-पत्र-I / PAPER-I**
**पंजाबी भाषा परिशिष्ट**
**Punjabi Language Supplement**
**भाग-IV & V / PART-IV & V**

**मुख्य परीक्षा पुस्तिका संख्या / Main Test Booklet No.**

**मुख्य परीक्षा पुस्तिका कोड / Main Test Booklet Code**

**A**

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **A**। यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/ marking responses in the Answer Sheet.
5. The CODE for this Language Booklet is **A**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ____________________
Name of the Candidate (in Capitals) :

अनुक्रमांक : (अंकों में) / Roll Number : in figures ____________________
: शब्दों में / in words ____________________

परीक्षा केन्द्र (बड़े अक्षरों में) : ____________________
Centre of Examination (in Capitals) :

परीक्षार्थी के हस्ताक्षर : ____________________ निरीक्षक के हस्ताक्षर : ____________________
Candidate's Signature : Invigilator's Signature :

Facsimile Signature Stamp of
Centre Superintendent : ____________________

Language Code : **15**

ਇਸ ਪੁਸਤਿਕਾ ਵਿੱਚ 16 ਪੰਨੇ ਹਨ।

# JSS-24-I

**ਪੇਪਰ-I**
**ਪੰਜਾਬੀ ਭਾਸ਼ਾ ਪੂਰਕ**
**ਭਾਗ IV & V**

**ਪਰੀਖਿਆ ਪੁਸਤਿਕਾ ਸੰਕੇਤ**

**A**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ 'ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **A**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਨਿਸ਼ਠ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:
   ਭਾਗ IV : ਭਾਸ਼ਾ I - (ਪੰਜਾਬੀ) (ਪ੍ਰ. 91 ਤੋਂ ਪ੍ਰ. 120)
   ਭਾਗ V : ਭਾਸ਼ਾ II - (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ 'ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅੱਖਰਾਂ ਵਿੱਚ) : ____________________

ਰੋਲ ਨੰਬਰ : ਅੰਕਾਂ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅੱਖਰਾਂ ਵਿੱਚ): ____________________

ਪਰੀਖਿਆਰਥੀ ਦੇ ਦਸਤਖ਼ਤ : ____________ ਨਿਰੀਖਿਅਕ ਦੇ ਦਸਤਖ਼ਤ : ____________

Facsimile signature stamp of
Centre Superintendent : ____________________

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI** as **Language-I** only.

## PART-IV

## LANGUAGE-I

## PUNJABI

ਉਮੀਦਵਾਰ **ਭਾਗ-IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ।

**ਨਿਰਦੇਸ਼ :** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**91-99**) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :

ਅੰਗਰੇਜ਼ਾਂ ਦੇ ਆਉਣ ਨਾਲ ਤਾਂ ਖਾਣ-ਪੀਣ ਅਤੇ ਇਸ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਆਦਰਸ਼ ਹੀ ਬਦਲ ਚੁੱਕੇ ਹਨ। ਖਾਣੇ ਦੀ ਕਿਸਮ, ਖਾਣੇ ਦਾ ਸਮਾਂ, ਖਾਣ ਦੇ ਢੰਗ, ਤਰੀਕੇ ਅਤੇ ਸਾਧਨ ਪੂਰੀ ਤਰ੍ਹਾਂ ਤਬਦੀਲ ਹੁੰਦੇ ਜਾ ਰਹੇ ਹਨ। ਅੱਜ ਪੰਜਾਬ ਦੇ ਪਿੰਡਾਂ ਵਿੱਚ ਵੀ 'ਡਾਈਨਿੰਗ ਟੇਬਲ' ਅਤੇ 'ਡਾਈਨਿੰਗ ਰੂਮ' ਅਤੇ 'ਡੌਂਗਾ ਸਿਸਟਮ' ਦਾ ਬੋਲਬਾਲਾ ਹੋ ਗਿਆ ਹੈ। ਅੱਜ ਦੇ ਸਮੇਂ ਵਿੱਚ ਵਿਆਹ-ਸ਼ਾਦੀ ਦੇ ਸਮੇਂ ਬਰਾਤੀ 'ਕੋਰਿਆਂ' 'ਤੇ ਬੈਠ ਕੇ ਕੌਲੀਆਂ, ਬਾਟੀਆਂ, ਥਾਲ, ਥਾਲੀਆਂ ਤੇ ਛੰਨੇ ਜਾਂ ਕੌਲ ਪ੍ਰਯੋਗ ਕਰਨਾ ਪਸੰਦ ਨਹੀਂ ਕਰਦੇ, ਸਗੋਂ ਮੇਜ਼, ਕੁਰਸੀਆਂ 'ਤੇ ਬੈਠ ਕੇ 'ਖਾਣਾ' ਅਤੇ 'ਸਟੈਂਡਿੰਗ-ਟੀ' ਲੈਣਾ ਵਧੇਰੇ ਪਸੰਦ ਕਰਦੇ ਹਨ। ਲੱਡੂ- ਜਲੇਬੀ ਦੀ ਥਾਂ ਹੁਣ ਵੱਖ-ਵੱਖ ਕਿਸਮ ਦੀਆਂ ਮਿਠਾਈਆਂ, ਸਬਜ਼ੀਆਂ, ਚਾਵਲ ਅਤੇ ਪੂਰੀਆਂ ਨੇ ਮੱਲ ਲਈ ਹੈ। 'ਪਰੀਹੇ' ਦੀ ਥਾਂ 'ਬਹਿਰੇ' ਹੋ ਗਏ ਹਨ। ਪ੍ਰਬੰਧਕਾਂ ਵਿੱਚ ਵੀ ਹੁਣ ਚਾਚੇ, ਤਾਏ, ਮਾਮੇ, ਫੁੱਫੜ ਘੱਟ ਅਤੇ 'ਅੰਕਲ' ਵਧੇਰੇ ਹੁੰਦੇ ਹਨ। ਸਮੁੱਚਾ ਵਾਤਾਵਰਨ ਪੰਜਾਬੀ ਘੱਟ ਹੀ ਨਜ਼ਰ ਆਉਂਦਾ ਹੈ, ਸਗੋਂ ਹਰ ਵਰਤਾਰੇ ਉੱਤੇ 'ਪੱਛਮੀਕਰਨ' ਦਾ ਲੇਬਲ ਲੱਗਿਆ ਹੁੰਦਾ ਹੈ।

ਸੁੱਚ-ਜੂਠ ਦੇ ਪ੍ਰਹੇਜ਼ੀ ਪੰਜਾਬੀ ਲੋਕਾਂ ਨੇ ਪਹਿਲਾਂ ਪਹਿਲ ਅੰਗਰੇਜ਼ੀ ਢੰਗ ਦੇ ਖਾਣੇ ਤੋਂ ਗੁਰੇਜ਼ ਕਰਨਾ ਸ਼ੁਰੂ ਕਰ ਦਿੱਤਾ ਸੀ, ਪ੍ਰੰਤੂ ਹੌਲੀ-ਹੌਲੀ ਉਨ੍ਹਾਂ ਨੂੰ ਇਹ ਰਿਵਾਇਤ ਸਗੋਂ ਵਧੇਰੇ ਰਾਸ ਆਉਣ ਲੱਗ ਪਈ ਕਿਉਂਕਿ ਇਸ ਰਵਾਇਤ ਅਨੁਸਾਰ ਹਰ ਕੋਈ ਬਿਨਾਂ ਸੰਗ-ਸੰਕੋਚ ਜਾਂ ਰੋਕ-ਟੋਕ ਦੇ ਖੁਦ ਹੀ ਡੌਂਗੇ, ਪਲੇਟਾਂ ਵਿੱਚ ਪਿਆ ਖਾਣ ਦਾ ਸਮਾਨ ਮਨਮਰਜ਼ੀ ਅਤੇ ਜੀਅ ਭਰ ਕੇ ਖਾ ਲੈਂਦਾ ਹੈ।

**91.** ਬਹੁਤੇ ਰਿਸ਼ਤਿਆਂ ਲਈ ਹੁਣ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ ?
(1) ਗਰੈਂਡ ਫਾਦਰ (2) ਕਜ਼ਨ (3) ਡੌਂਗਾ ਸਿਸਟਮ (4) ਅੰਕਲ

**92.** 'ਬਹਿਰੇ' ਦੀ ਥਾਂ ਪਹਿਲਾਂ ਕੌਣ ਹੁੰਦੇ ਸਨ ?
(1) ਸਟੈਂਡਿੰਗ ਟੀ (2) ਕੋਰੇ (3) ਬਾਟੀਆਂ (4) ਪਰੀਹੇ

**93.** 'ਪਸੰਦ' ਦਾ ਵਿਰੋਧੀ ਸ਼ਬਦ ਚੁਣੋ :
(1) ਚਾਹੁਣਾ (2) ਚੰਗਾ ਲੱਗਣਾ (3) ਨਫ਼ਰਤ (4) ਮੋਹਣਾ

**94.** ਬਰਾਤੀਆਂ ਨੂੰ ਪਹਿਲਾਂ ਕਿਸ ਉੱਤੇ ਬਿਠਾਇਆ ਜਾਂਦਾ ਸੀ ?
(1) ਕੋਰਿਆਂ ਉੱਤੇ (2) ਕੁਰਸੀਆਂ ਉੱਤੇ (3) ਸੋਫਿਆਂ ਉੱਤੇ (4) ਮੇਜ਼ਾਂ ਉੱਤੇ

**95.** ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਚੁਣੋ :
(1) ਸੰਗ-ਸਕੋਚ (2) ਪੰਜਾਬੀ-ਘੱਟ (3) ਗੁਰੇਜ਼-ਕਰਨਾ (4) ਸਟੈਂਡਿੰਗ-ਟੀ

**96.** ਮਠਿਆਈਆਂ ਵਿੱਚ ਪਹਿਲਾਂ ਕੀ ਪ੍ਰਧਾਨ ਸੀ ?
(1) ਕੇਕ (2) ਲੱਡੂ-ਜਲੇਬੀ (3) ਚਮਚਮ (4) ਨੂਡਲ

**97.** ਪਹਿਲਾਂ ਪੰਜਾਬੀਆਂ ਨੇ ਕਿਸ ਦਾ ਵਿਰੋਧ ਕੀਤਾ ਸੀ ?
(1) ਕੋਰਿਆਂ ਦਾ (2) ਪਰੀਹੇ ਦਾ
(3) ਅੰਗਰੇਜ਼ੀ ਢੰਗ ਦੇ ਖਾਣੇ ਦਾ (4) ਥਾਲੀਆਂ ਦਾ

98. ਪੰਜਾਬੀ ਦੀ ਥਾਂ ਕਿਹੜਾ ਸੱਭਿਆਚਾਰ ਹਾਵੀ ਹੋ ਗਿਆ ਹੈ ?
(1) ਪਾਕਿਸਤਾਨੀ (2) ਪੱਛਮੀ (3) ਬੰਗਾਲੀ (4) ਗੁਜਰਾਤੀ

99. ਉਪਰੋਕਤ ਪੈਰੇ ਵਿਚ ਕਿਸ ਦੀ ਘਾਟ ਮਹਿਸੂਸ ਹੋ ਰਹੀ ਹੈ ?
(1) ਪੰਜਾਬੀ ਸੱਭਿਆਚਾਰ ਦੀ (2) ਪੱਛਮੀ ਸੱਭਿਆਚਾਰ ਦੀ
(3) ਬੰਗਾਲੀ ਸੱਭਿਆਚਾਰ ਦੀ (4) ਭੇਡਚਾਲ ਵਾਲੇ ਸੱਭਿਆਚਾਰ ਦੀ

**ਨਿਰਦੇਸ਼ :** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**100-105**) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :

ਮੰਦਾ ਕੀਤਾ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ ।
ਤਿੰਨ ਸੌ ਕਾਨੀ ਮਿਰਜ਼ੇ ਜੁਆਨ ਦੀ, ਦਿੰਦਾ ਸਿਆਲਾਂ ਨੂੰ ਵੰਡ ।
ਪਹਿਲੀ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ ।
ਤੀਜੀ ਮਾਰਾਂ ਜੋੜ ਕੇ, ਜਿਹਦੀ ਸੈਂ ਤੂੰ ਮੰਗ ।
ਸਿਰ ਤੋਂ ਮੁੰਡਾਸਾ ਉੱਡ ਗਿਆ, ਗਲ ਵਿੱਚ ਪਈ ਝੰਡ ।
ਬਾਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਸੰਗ ।

100. ਇਹ ਸਤਰਾਂ ਕਿਸ ਦੇ ਕਿੱਸੇ ਵਿਚੋਂ ਲਈਆਂ ਗਈਆਂ ਹਨ ?
(1) ਪੀਲੂ (2) ਦਮੋਦਰ (3) ਭਗਵਾਨ ਸਿੰਘ (4) ਮੁਕਬਲ

101. ਉਪਰੋਕਤ ਕਾਵਿ-ਟੁੱਕੜੀ ਵਿੱਚ ਕਿਹੜੇ ਕਾਵਿ-ਰੂਪ ਦੀ ਵਰਤੋਂ ਹੋਈ ਹੈ ?
(1) ਬੋਲੀ (2) ਅਲਾਹੁਣੀ (3) ਸਿੱਠਣੀ (4) ਸੱਦ

102. 'ਸ਼ਮੀਰ' ਕੌਣ ਹੈ ?
(1) ਸਾਹਿਬਾਂ ਦਾ ਮਾਮਾ (2) ਸਾਹਿਬਾਂ ਦਾ ਨਾਨਾ (3) ਸਾਹਿਬਾਂ ਦਾ ਭਰਾ (4) ਸਾਹਿਬਾਂ ਦਾ ਚਾਚਾ

103. 'ਕਾਨੀ' ਕਿਸ ਨੂੰ ਕਿਹਾ ਗਿਆ ਹੈ ?
(1) ਵੰਡ ਨੂੰ (2) ਤੀਰ ਨੂੰ (3) ਸ਼ਮੀਰ ਨੂੰ (4) ਮੁੰਡਾਸੇ ਨੂੰ

104. ਇਨ੍ਹਾਂ ਸਤਰਾਂ ਵਿਚ ਕੌਣ ਕਿਸ ਨੂੰ ਸੰਬੋਧਨ ਕਰ ਰਿਹਾ ਹੈ ?
(1) ਰਾਂਝਾ ਹੀਰ ਨੂੰ (2) ਵਾਰਸ ਸਾਹਿਬਾਂ ਨੂੰ (3) ਮਿਰਜ਼ਾ ਸਾਹਿਬਾਂ ਨੂੰ (4) ਮੁਕਬਲ ਸਾਹਿਬਾਂ ਨੂੰ

105. ਇਨ੍ਹਾਂ ਸਤਰਾਂ ਅਨੁਸਾਰ 'ਸੰਗ' ਸ਼ਬਦ ਦਾ ਕੀ ਅਰਥ ਹੈ ?
(1) ਵਿਰੁੱਧ (2) ਨਾਲ (3) ਸ਼ਰਮਾਉਣਾ (4) ਗਲਾ

106. ਇਕ ਬੱਚਾ ਵਿਸ਼ੇ ਦੀ ਬ੍ਰੇਨਸਟਾਰਮਿੰਗ ਕਰਨ ਦੇ ਬਾਵਜੂਦ ਆਪਣੇ ਆਪ ਇਕ ਪੈਰਾਗਰਾਫ ਨਹੀਂ ਲਿਖਦਾ। ਫਿਰ ਵੀ ਉਹ ਬਾਲਗ ਜਾਂ ਸਾਥੀ ਦੀ ਨਿਗਰਾਨੀ ਹੇਠ ਲਿਖਣ ਦੇ ਯੋਗ ਹੈ। ਇਸ ਨਿਗਰਾਨੀ ਨੂੰ ਕੀ ਕਹਿੰਦੇ ਹਨ ?
(1) ਸਕਫਲਡਿੰਗ (2) ਪੀਅਰ ਟੀਚਿੰਗ (3) ਪੀਅਰ ਕੌਂਸਲਿੰਗ (4) ਟੀਮ ਟੀਚਿੰਗ

107. __________ ਸਿਖਲਾਈ ਦੀ ਇਕ ਕਿਸਮ ਹੈ, ਜਿਸ ਵਿੱਚ ਇਕ ਬੱਚੇ ਨੇ ਸਮਝ ਜਾਂ ਤਰਕ ਵਰਗੀਆਂ ਉੱਚ ਕ੍ਰਮ ਦੀਆਂ ਮਾਨਸਿਕ ਕਿਰਿਆਵਾਂ ਦੀ ਵਰਤੋਂ ਕਰਨੀ ਹੁੰਦੀ ਹੈ।
(1) ਬੋਲਣ ਦੀ ਸਿੱਖਿਆ (2) ਸੰਕਲਪ ਦੀ ਸਿੱਖਿਆ
(3) ਮੋਟਰ ਕੌਸ਼ਲਾਂ ਦੀ ਸਿੱਖਿਆ (4) ਸੰਰਚਨਾ ਦੀ ਸਿੱਖਿਆ

108. ਬਤੌਰ ਅਧਿਆਪਕ ਤੁਸੀਂ ਇਕ ਬੱਚੇ ਦੀ ਉਸ ਵੱਲੋਂ ਕੁਝ ਸ਼ਬਦਾਂ ਦੇ ਗਲਤ ਉਚਾਰਨ ਰਾਹੀਂ 'ਭਾਸ਼ਾ ਦੀ ਸਮੁੱਚੀ ਵਰਤੋਂ' ਲਈ ਸ਼ਲਾਘਾ ਕਰਦੇ ਹੋ। ਇਥੇ ਤੁਸੀਂ ਆਪਣੀ ਜਮਾਤ ਵਿਚ __________ ਪਹੁੰਚ ਦੀ ਵਰਤੋਂ ਕਰ ਰਹੇ ਹੋ।

(1) ਸਮੱਗਰ ਭਾਸ਼ਾ ਵਾਲੀ (2) ਸੰਚਾਰਾਤਮਕ (3) ਉਸਾਰੂ (4) ਸੰਰਚਨਾਤਮਕ

109. ਤੁਸੀਂ ਹਿੰਦੀ ਭਾਸ਼ਾ ਬੋਲਣ ਵਾਲੇ ਅਧਿਆਪਕ ਹੋ ਪਰ ਤੁਹਾਡੀ ਨੌਕਰੀ ਇਕ ਪ੍ਰਾਇਮਰੀ ਸਕੂਲ ਵਿਚ ਹੋ ਜਾਂਦੀ ਹੈ, ਜੋ ਕਿ ਪੰਜਾਬ ਦੇ ਇਲਾਕੇ ਵਿਚ ਹੈ। ਕਿਉਂਕਿ ਤੁਸੀਂ ਉਸ ਇਲਾਕੇ ਦੀ ਸਥਾਨਕ ਭਾਸ਼ਾ ਨਹੀਂ ਜਾਣਦੇ। ਤੁਹਾਨੂੰ ਚਾਹੀਦਾ ਹੈ :

(1) ਤੁਰੰਤ ਕਿਸੇ ਹਿੰਦੀ ਭਾਸ਼ੀ ਇਲਾਕੇ ਵਿੱਚ ਬਦਲੀ ਕਰਾਉਣ ਲਈ ਅਪਲਾਈ ਕਰੋ।

(2) ਬੱਚੇ ਦੀ ਭਾਸ਼ਾ ਨੂੰ ਇਕ ਸਰੋਤ ਅਤੇ ਅਧਿਆਪਨ ਸ਼ੁਰੂ ਕਰਨ ਵਜੋਂ ਵਰਤੋ।

(3) ਅੰਗਰੇਜ਼ੀ ਵਿੱਚ ਸੰਚਾਰ ਕਰੋ।

(4) ਭਾਈਚਾਰੇ ਨੂੰ ਹਿੰਦੀ ਸਿੱਖਣ ਵਾਸਤੇ ਪ੍ਰੇਰਿਤ ਕਰੋ।

110. __________ ਸਮਝ ਟੈਕਸਟ ਤੋਂ ਵਿਸ਼ੇਸ਼ ਸੂਚਨਾ ਲੈਣ ਦੇ ਮਕਸਦ ਨਾਲ ਟੈਕਸਟ ਦੇ ਕਿਸੇ ਹਿੱਸੇ ਨੂੰ ਨੇੜਿਉਂ ਤੇ ਗਹਿਣਤਾ ਨਾਲ ਪੜ੍ਹਨ ਦਾ ਇਕ ਕੌਸ਼ਲ ਹੈ।

(1) ਗਲੋਬਲ (2) ਸਥਾਨਕ (3) ਅਨੁਮਾਨ (4) ਆਂਕਲਣ

111. ਭਾਸ਼ਾ ਦੇ ਅਧਿਆਪਨ ਵਿੱਚ ਡਾਇਗਨੌਸਟਿਕ ਟੈਸਟ ਦਾ ਮਕਸਦ ਹੈ :

(1) ਸਮੇਟਿਵ ਮੁਲਾਂਕਣ ਲਈ ਪ੍ਰਸ਼ਨਾਂ ਦੀ ਯੋਜਨਾ ਤੇ ਤਿਆਰੀ।

(2) ਪੀਟੀਐਮ ਵਿਚ ਮਾਪਿਆਂ ਨੂੰ ਸੂਚਿਤ ਕਰਨਾ ਅਤੇ ਉਨ੍ਹਾਂ ਨੂੰ ਧਿਆਨ ਦੇਣ ਲਈ ਕਹਿਣਾ।

(3) ਸਿਖਿਆਰਥੀਆਂ ਦੀ ਸਮਝ ਨੂੰ ਜਾਣਨਾ ਅਤੇ ਹੱਲ ਲਈ ਕਦਮ ਚੁੱਕਣੇ।

(4) ਵਿਦਿਆਰਥੀਆਂ ਦੀ ਪ੍ਰਗਤੀ ਰਿਪੋਰਟ ਦੇ ਸਿੱਟਿਆਂ ਦੀ ਵਰਤੋਂ ਕਰਨੀ।

112. ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਇਕ ਪਾਠ-ਪੁਸਤਕ ਬਾਰੇ ਠੀਕ ਹੈ ?

(1) ਇਕ ਪਾਠ-ਪੁਸਤਕ ਅਧਿਆਪਕ ਤੇ ਵਿਦਿਆਰਥੀ ਲਈ ਅੰਤਿਮ ਵਸਤੂ ਹੈ।

(2) ਇਹ ਪਾਠ ਕ੍ਰਮ ਵਿੱਚ ਦਿੱਤੇ ਗਏ ਉਦੇਸ਼ਾਂ ਨੂੰ ਹਾਸਲ ਕਰਨ ਵਿਚ ਮਦਦ ਕਰਦੀ ਹੈ।

(3) ਇਹ ਸੈਸ਼ਨ ਲਈ ਵਿਦਿਅਕ ਗਤੀਵਿਧੀਆਂ ਦੀ ਇਕ ਯੋਜਨਾ ਹੈ।

(4) ਇਕ ਪਾਠ-ਪੁਸਤਕ ਗੈਰ ਬਦਲਣਯੋਗ ਹੈ।

113. ਹੇਠ ਲਿਖਿਆਂ ਵਿਚੋਂ ਜਮਾਤ ਦਾ ਕਿਹੜਾ ਅਭਿਆਸ ਅਧਿਆਪਕ ਲਈ ਵਿਦਿਆਰਥੀਆਂ ਵਿਚ ਮੌਖਿਕ ਭਾਸ਼ਾ ਨੂੰ ਵਿਕਸਤ ਕਰਨ ਵਿਚ ਸਹਾਈ ਹੁੰਦਾ ਹੈ ?

(1) ਅਧਿਆਪਕ ਨਾਲ ਟੈਕਸਟ ਦਾ ਸਮੂਹਿਕ ਪਾਠ

(2) ਕਵਿਤਾ ਨੂੰ ਯਾਦ ਕਰਨ ਮਗਰੋਂ ਇਸਦਾ ਸਮੂਹ-ਗਾਣ

(3) ਰੋਲ ਨਿਭਾਉਣ ਵਿਚ ਸ਼ਾਮਲ ਹੋਣਾ

(4) ਨਵੇਂ ਅਤੇ ਅਣਜਾਣ ਸ਼ਬਦਾਂ ਦੇ ਸਹੀ ਉਚਾਰਨ ਦਾ ਅਭਿਆਸ ਕਰਨਾ

**114.** ਜਦੋਂ ਅਸੀਂ ਕਹਿੰਦੇ ਹਾਂ ਕਿ 'ਭਾਸ਼ਾ ਖੁਦਮੁਖਤਿਆਰ ਹੈ' ਤਾਂ ਅਸੀਂ ਕਹਿਣਾ ਚਾਹੁੰਦੇ ਹਾਂ ਕਿ :

(1) ਭਾਸ਼ਾ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਵਿਚਕਾਰ ਸਹਿਜ ਸਬੰਧ ਹੈ।

(2) ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਦਰਮਿਆਨ ਸਬੰਧ ਇਕ ਉਚਿਤ ਕਾਰਨ ਉੱਤੇ ਨਿਰਭਰ ਹੈ ਨਾ ਕਿ ਸੰਜੋਗ ਉਪਰ।

(3) ਭਾਸ਼ਾ ਦੇ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਦਰਮਿਆਨ ਕੋਈ ਸਹਿਜ ਸਬੰਧ ਨਹੀਂ ਹੈ।

(4) ਭਾਸ਼ਾ ਪ੍ਰੀਫਿਕਸਡ ਸਿਧਾਂਤਾਂ ਦਾ ਅਨੁਸਰਨ ਕਰਦੀ ਹੈ।

**115.** ਵਿਆਕਰਨ ਦੇ ਅਧਿਆਪਨ ਦੀ ਤਰਕਪੂਰਨ ਪਹੁੰਚ ਵਕਾਲਤ ਕਰਦੀ ਹੈ ਕਿ ਸਾਨੂੰ :

(1) ਉਦਾਹਰਣਾਂ ਪੇਸ਼ ਕਰਨੀਆਂ ਚਾਹੀਦੀਆਂ ਹਨ।

(2) ਨੇਮ ਪੇਸ਼ ਕਰਨੇ ਚਾਹੀਦੇ ਹਨ।

(3) ਮੌਲਿਕ ਸੰਚਾਰ ਪੇਸ਼ ਕਰਨਾ ਚਾਹੀਦਾ ਹੈ।

(4) ਡਰਿੱਲਾਂ ਰਾਹੀਂ ਅਭਿਆਸ ਕਰਾਉਣਾ ਚਾਹੀਦਾ ਹੈ।

**116.** __________ ਤੱਥਾਂ ਤੋਂ ਪਰ੍ਹੇ ਅਨੁਮਾਨ ਜਾਂ ਗੈੱਸ ਲਗਾਉਣ ਦਾ ਤਰੀਕਾ ਹੈ।

(1) ਵਿਆਖਿਆ (2) ਵਿਸ਼ਲੇਸ਼ਣ (3) ਪਰਿਣਾਮ (4) ਐਕਸਟ੍ਰਾਪੋਲੇਸ਼ਨ

**117.** ਭਾਸ਼ਾ ਦੇ ਇਕ ਅਧਿਆਪਕ ਵਜੋਂ ਫ੍ਰੀ ਲੇਖਣ ਲਈ ਸਿਖਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿਉਂਕਿ ਫ੍ਰੀ ਲੇਖਣ ਦਾ ਮਹੱਤਵਪੂਰਨ ਫਾਇਦਾ ਹੈ ਕਿ :

(1) ਇਹ ਸਿਖਿਆਰਥੀਆਂ ਨੂੰ ਰਵਾਨੀ ਨਾਲ ਅਤੇ ਸਿਰਜਣਾਤਮਕਤਾ ਨਾਲ ਉਤਸ਼ਾਹਿਤ ਕਰਦਾ ਹੈ।

(2) ਲਿਖਣ ਜਾਂ ਨਾ ਲਿਖਣ ਦੀ ਖੁੱਲ੍ਹ ਦਿੰਦਾ ਹੈ।

(3) ਇਹ ਮਹਿਸੂਸ ਨਹੀਂ ਕਰਦਾ ਕਿ ਉਨ੍ਹਾਂ ਨੂੰ ਵਧੇਰੇ ਜਾਂ ਮੁਕੰਮਲ ਤੌਰ 'ਤੇ ਦਰੁੱਸਤ ਲਿਖਣਾ ਚਾਹੀਦਾ ਹੈ।

(4) ਉਨ੍ਹਾਂ ਦੀ ਪਹਿਲੀ ਭਾਸ਼ਾ ਤੋਂ ਲਿਖਤੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰ ਸਕਦਾ ਹੈ।

**118.** ਬਤੌਰ ਪੰਜਵੀਂ ਜਮਾਤ ਦੇ ਅਧਿਆਪਕ ਤੁਸੀਂ ਵਿਦਿਆਰਥੀਆਂ ਨੂੰ ਸਾਰੀ ਟੈਕਸਟ ਪੜ੍ਹਨ ਲਈ ਕਹੋ। ਫਿਰ ਤੁਸੀਂ ਪ੍ਰਸੰਗ ਸਹਿਤ ਵਿਆਖਿਆ ਨਾਲ ਉਨ੍ਹਾਂ ਤੋਂ ਪ੍ਰਸ਼ਨ ਪੁੱਛੋ। ਇਸ ਪ੍ਰਕਿਰਿਆ ਰਾਹੀਂ ਤੁਸੀਂ ਵਿਦਿਆਰਥੀਆਂ ਨੂੰ __________ ਲਈ ਉਤਸ਼ਾਹਿਤ ਕਰ ਰਹੇ ਹੋ।

(1) ਵਿਆਪਕ ਪੜ੍ਹਤ (2) ਸਕੈਨਿੰਗ (3) ਸਕਿਮਿੰਗ (4) ਗੰਭੀਰ ਪੜ੍ਹਤ

**119.** ਭਾਸ਼ਾ ਗ੍ਰਹਿਣਸ਼ੀਲਤਾ ਉਸ ਸਮੇਂ ਵਾਪਰਦੀ ਹੈ ਜਦੋਂ :

(1) ਬੱਚੇ ਨੂੰ ਵਿਆਕਰਣ ਦੇ ਨੇਮ ਪੜ੍ਹਾਏ ਜਾਂਦੇ ਹਨ।

(2) ਬੱਚੇ ਨੂੰ ਅਨੁਵਾਦ ਦਾ ਅਭਿਆਸ ਕਰਵਾਇਆ ਜਾਂਦਾ ਹੈ।

(3) ਬੱਚੇ ਨੂੰ ਪੜ੍ਹਨ ਦਾ ਮੌਕਾ ਦਿੱਤਾ ਜਾਂਦਾ ਹੈ।

(4) ਬੱਚੇ ਦੀ ਭਾਸ਼ਾ ਤੱਕ ਪਹੁੰਚ ਬਣਦੀ ਹੈ।

**120.** ਜਮਾਤ ਵਿਚੋਂ ਮਾਂ ਬੋਲੀ ਨੂੰ ਬਾਹਰ ਕੱਢਣਾ __________ ਵਿਧੀ ਦੀ ਵਿਸ਼ੇਸ਼ਤਾ ਹੈ।

(1) ਪ੍ਰਕਿਰਤਕ (2) ਦੁਭਾਸ਼ੀ (3) ਆਡੀਓਲਿੰਗੁਅਲ (4) ਪ੍ਰਤੱਖ

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

## PART-V

## LANGUAGE-II

## PUNJABI

| |
|---|
| ਉਮੀਦਵਾਰ **ਭਾਗ-V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-II** ਵਜੋਂ ਚੁਣਿਆ ਹੈ। |

**ਨਿਰਦੇਸ਼ :** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**121-128**) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਕਬੱਡੀ ਲੋਕ ਖੇਡ ਵੀ ਰਹੀ ਹੈ ਅਤੇ ਵਿਸ਼ਿਸ਼ਟ ਖੇਡ ਵੀ। ਉਂਜ ਇਹ ਪੰਜਾਬ ਦੀ ਹਰਮਨ ਪਿਆਰੀ ਲੋਕ ਖੇਡ ਹੈ। ਭਾਵੇਂ ਅੱਜਕੱਲ ਨੈਸ਼ਨਲ ਸਟਾਈਲ ਕਬੱਡੀ ਵਧੇਰੇ ਪ੍ਰਚੱਲਿਤ ਹੈ ਅਤੇ ਇਹ ਖੇਡ ਪੰਜਾਬ ਤਾਂ ਕੀ ਹਿੰਦੋਸਤਾਨ ਤੋਂ ਬਾਹਰ ਪੱਛਮੀ ਦੇਸ਼ਾਂ ਵੱਲੋਂ ਵੀ ਅਪਣਾਈ ਜਾ ਚੁੱਕੀ ਹੈ। ਪਰੰਤੂ ਇਕ ਲੋਕ-ਖੇਡ ਦੇ ਰੂਪ ਵਿੱਚ ਕਬੱਡੀ ਪੰਜਾਬ ਦੀ ਧਰਤੀ ਉੱਤੇ ਜੰਮੀ ਪਲੀ ਤੇ ਪ੍ਰਵਾਨ ਚੜ੍ਹੀ ਹੈ। ਪੰਜਾਬੀ ਗੱਭਰੂਆਂ ਦੇ ਦੁੱਧ ਮੱਖਣਾਂ ਨਾਲ ਪਾਲੇ ਸਰੀਰ, ਖੇਤੀ ਦੀ ਹੱਡ-ਭੰਨਵੀਂ ਮੁਸ਼ੱਕਤ ਨਾਲ ਕਮਾਇਆ ਜੁੱਸਾ, ਡੰਡ-ਬੈਠਕਾਂ ਲਗਾ ਕੇ ਕਮਾਏ ਮਸਲਜ਼ ਦਾ ਪ੍ਰਦਰਸ਼ਨ ਕਬੱਡੀ ਦੀ ਖੇਡ ਸਮੇਂ ਹੀ ਹੁੰਦਾ ਰਿਹਾ ਹੈ।

ਉਂਜ ਤਾਂ ਕਬੱਡੀ ਦੀ ਖੇਡ ਕਿਸ ਵੀ ਰੁੱਤ ਵਿੱਚ ਕਿਸੇ ਵੀ ਸਮੇਂ ਖੇਡੀ ਜਾ ਸਕਦੀ ਹੈ ਪਰੰਤੂ ਪੋਹ-ਮਾਘ ਦੇ ਕੱਕਰੇ ਦਿਨਾਂ ਵਿੱਚ ਸ਼ਾਮ ਦੇ ਸਮੇਂ ਖੁੱਲ੍ਹੇ ਮੈਦਾਨ ਵਿਚ ਇਸ ਖੇਡ ਦਾ ਪ੍ਰਦਰਸ਼ਨ ਵਧੇਰੇ ਮਨਮੋਹਕ ਹੁੰਦਾ ਸੀ। ਕੜਾਕੇ ਦੀ ਠੰਢ ਵਿੱਚ ਜਦੋਂ ਆਮ ਲੋਕ ਠੁਰ-ਠੁਰ ਕਰਦੇ, ਖੇਸ ਦੀ ਬੁੱਕਲ ਮਾਰੀ ਕਿਸੇ ਕੰਧ ਕੌਲੇ ਬੈਠੇ ਹੁੰਦੇ ਸਨ ਤਾਂ ਪਿੰਡ ਦੇ ਦਰਸ਼ਨੀ ਜੁਆਨ ਕਬੱਡੀ ਦੀ ਖੇਡ ਦਾ ਲੁਤਫ਼ ਮਾਣ ਰਹੇ ਹੁੰਦੇ ਸਨ। ਪੰਜਾਬੀ ਸੁਭਾਅ ਦੇ ਗੁਣ-ਲੱਛਣ ਇਸ ਖੇਡ ਰਾਹੀਂ ਵਧੇਰੇ ਉਘੜਦੇ ਰਹੇ ਹਨ। ਉਂਜ ਤਾਂ ਕਬੱਡੀ ਛੋਟੇ ਬੱਚਿਆਂ ਤੋਂ ਲੈ ਕੇ ਜਵਾਨ ਗੱਭਰੂਆਂ ਤੱਕ ਕੋਈ ਵੀ ਖੇਡ ਸਕਦਾ ਹੈ ਪਰ ਅਸਲ ਵਿੱਚ ਇਹ ਖੇਡ ਤਾਕਾਵਰ, ਫੁਰਤੀਲੇ ਅਤੇ ਦੌੜਾਕ ਵਿਅਕਤੀ ਦੀ ਹੀ ਖੇਡ ਮੰਨੀ ਗਈ ਹੈ।

ਪੰਜਾਬ ਦੇ ਮਾਲਵੇ ਖੇਤਰ ਵਿਚ ਕਬੱਡੀ ਨੂੰ 'ਕੌਡੀ' ਜਾਂ 'ਕੌਡੀ ਬਾਡੀ' ਵੀ ਕਿਹਾ ਜਾਂਦਾ ਹੈ। ਪੁਰਾਤਨ ਖੇਡ ਪਰੰਪਰਾ ਅਨੁਸਾਰ ਕਬੱਡੀ ਦੇ ਸ਼ੁਕੀਨ ਤਿੰਨ ਤੋਂ ਦਸ ਗਜ਼ ਦਾ ਗੋਲ ਚੱਕਰ ਜਿਹੜਾ ਅਕਸਰ ਕਰਮਾਂ ਮਿਣ ਕੇ ਖਿੱਚ ਲਿਆ ਜਾਂਦਾ ਸੀ, ਬਣਾ ਲੈਂਦੇ ਸਨ। ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਵਿਚਕਾਰ 'ਪਾਲਾ' ਬਣਾ ਲਿਆ ਜਾਂਦਾ ਸੀ। ਦੋਵਾਂ ਪਾਸਿਆਂ ਦੇ ਖਿਡਾਰੀ ਇਕ-ਇਕ ਕਰਕੇ 'ਪਾਲੇ' ਤੋਂ ਪਾਰ ਦੀ ਟੋਲੀ ਤੇ ਧਾਅਵਾ ਕਰਦੇ ਸਨ।

**121.** ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਚੁਣੋ :

(1) ਕਬੱਡੀ (2) ਦਰਸ਼ਨੀ ਜੁਆਨ (3) ਪਾਲਾ (4) ਟੋਲੀ

**122.** ਕਬੱਡੀ ਜ਼ਿਆਦਾਤਰ ਕਿਹੜੇ ਮਹੀਨੇ ਖੇਡੀ ਜਾਂਦੀ ਸੀ ?

(1) ਅੱਸੂ (2) ਜੇਠ (3) ਹਾੜ (4) ਮਾਘ

**123.** 'ਤਾਕਤਵਰ' ਦਾ ਸਮਾਨਾਰਥਕ ਸ਼ਬਦ ਚੁਣੋ :

(1) ਤਕੜਾ (2) ਕਮਜ਼ੋਰ (3) ਨਿਰਬਲ (4) ਮਾੜਾ

**124.** ਕਬੱਡੀ ਦੀ ਖੇਡ ਦਾ ਜਨਮ ਕਿੱਥੇ ਹੋਇਆ ?

(1) ਪੱਛਮ ਵਿੱਚ (2) ਪੰਜਾਬ ਵਿੱਚ (3) ਮਹਾਰਾਸ਼ਟਰ ਵਿੱਚ (4) ਸ੍ਰੀਲੰਕਾ ਵਿੱਚ

**125.** 'ਕੱਕਰੇ' ਸ਼ਬਦ ਤੋਂ ਕੀ ਭਾਵ ਹੈ ?

(1) ਕੜਾਕੇ ਦੀ ਗਰਮੀ (2) ਖੁੱਲ੍ਹੇ ਦਿਨ (3) ਖੁੱਲ੍ਹੀਆਂ ਰਾਤਾਂ (4) ਕੜਾਕੇ ਦੀ ਠੰਢ

**126.** ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ ?

(1) ਇਕ-ਇਕ (2) ਵੰਡ-ਕੇ (3) ਪੋਹ-ਮਾਘ (4) ਲੋਕ-ਖੇਡ

**127.** ਹੇਠ ਲਿਖਿਆਂ ਵਿਚੋਂ ਕਿਹੜਾ ਕਬੱਡੀ ਦੀ ਖੇਡ ਨਾਲ ਸਬੰਧਿਤ ਨਹੀਂ ?

(1) ਪਾਲਾ (2) ਕੌਡੀ (3) ਗੇਂਦ (4) ਟੋਲੀ

**128.** 'ਪੁਰਾਤਨ' ਦਾ ਵਿਰੋਧੀ ਸ਼ਬਦ ਕਿਹੜਾ ਹੈ ?

(1) ਪ੍ਰਾਚੀਨ (2) ਪੁਰਾਣਾ (3) ਨਵੀਨ (4) ਆਦਿਕਾਲੀਨ

**ਨਿਰਦੇਸ਼ :** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**129-135**) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :

ਭੰਗੜੇ ਵਿੱਚ ਪ੍ਰੀਤ ਕਥਾਵਾਂ ਮਿਰਜ਼ਾ-ਸਾਹਿਬਾਂ, ਕੀਮਾ-ਮਲਕੀ ਤੇ ਜਿੰਦੂਆ ਗਾਉਣ ਦਾ ਵਿਧਾਨ ਹੈ । ਬਲਦਾਂ ਦੀ ਜੋਗ, ਫ਼ਸਲ ਦੀ ਬਿਜਾਈ, ਮਸਤੀ ਦਾ ਪ੍ਰਗਟਾਵਾ ਭੰਗੜੇ ਵਿੱਚ ਅਕਸਰ ਪ੍ਰਦਰਸ਼ਿਤ ਹੁੰਦੇ ਹਨ । ਭੰਗੜੇ ਵਿੱਚ ਤਾਲ ਤੇ ਰਸ ਹੁੰਦਾ ਹੈ । ਇਸਦੇ ਸਹਾਰੇ ਹੀ ਭੰਗੜੇ ਵਿੱਚ ਨੱਚਣ ਵਾਲੇ ਮੁੰਡੇ ਫ਼ਸਲ ਦੀ ਬਿਜਾਈ ਤੋਂ ਲੈ ਕੇ ਕੱਟਣ, ਗਾਹੁਣ ਤੇ ਕਣਕ ਪ੍ਰਾਪਤ ਕਰਨ ਦੀ ਕਹਾਣੀ ਨੂੰ ਸੰਕੇਤਾਂ ਰਾਹੀਂ ਬਿਆਨ ਕਰਦੇ ਹਨ । ਨਾਚ ਦੇ ਸਿਖ਼ਰ 'ਤੇ ਫ਼ਸਲ ਦੀ ਭਰਪੂਰ ਪ੍ਰਾਪਤੀ ਦੇ ਚਿੰਨ੍ਹ ਨੂੰ ਜ਼ੋਰਦਾਰ ਨਾਚ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ।

ਨਾਚ ਹੌਲੀ ਤਾਲ ਵਿੱਚ ਸ਼ੁਰੂ ਹੁੰਦਾ ਹੈ ਤੇ ਅੰਤ ਇਸਦਾ ਤੇਜ਼ ਤਾਲ ਵਿੱਚ । ਨੱਚਣ ਵਾਲੇ ਮੁੰਡੇ ਅਕਸਰ ਆਪਣੀ ਜਿਸਮਾਨੀ ਤਾਕਤ ਦਾ ਪ੍ਰਦਰਸ਼ਨ ਕਰਦੇ ਹਨ । ਇਸ ਵਿੱਚ ਸਭ ਤੋਂ ਪਹਿਲਾਂ ਪਹਿਲਵਾਨੀ ਦੇ ਤਿੰਨ ਐਕਸ਼ਨ ਕੀਤੇ ਜਾਂਦੇ ਹਨ । ਫੇਰ ਤੁਣਕਾ, ਮਿਰਜ਼ਾ, ਝੂੰਮਰ, ਜੁਗਨੀ ਤੇ ਤਾੜੀ ਗੋਲਾਂ ਵਰਗੇ ਐਕਸ਼ਨ ਕੀਤੇ ਜਾਂਦੇ ਹਨ ਤੇ ਹਰ ਇਕ ਲੜਕਾ ਆਪਣਾ ਹੁਨਰ ਕਰਕੇ ਵਿਖਾਉਂਦਾ ਹੈ । ਢੋਲੀ ਤੇ ਨਾਚੇ ਇਸਦੇ ਦੋ ਅੰਗ ਹਨ । ਭੰਗੜਾ ਪਾਉਣ ਵਾਲਿਆਂ ਦੀ ਪੁਸ਼ਾਕ ਬੜੀ ਦਿਲਕਸ਼ ਹੁੰਦੀ ਹੈ । ਢੋਲ ਤੇ ਖੂੰਡੇ ਬਿਨਾਂ ਇਹ ਨਾਚ ਨੱਚਿਆ ਜਾਣਾ ਸੰਭਵ ਨਹੀਂ ਹੈ । ਭੰਗੜਾ ਪਾਉਣ ਸਮੇਂ ਦੀ ਪੁਸ਼ਾਕ ਅਕਸਰ ਇਸ ਤਰ੍ਹਾਂ ਹੁੰਦੀ ਹੈ- ਸ਼ਮਲੇ ਵਾਲੀ ਰੰਗੀਨ ਪੱਗ ਉੱਤੇ ਕੱਸ ਕੇ ਦੁਸ਼ਾਲਾ ਬੰਨਿਆ ਹੋਇਆ ਹੁੰਦਾ ਹੈ । ਕਲੀਆਂ ਵਾਲਾ ਕੁੜਤਾ, ਚਮਕਦੇ ਬਟਨ, ਚਿੱਟੇ, ਕਾਲੇ ਜਾਂ ਲਾਲ ਰੰਗ ਦੀ ਵਾਸਕਟ ਪਾਈ ਜਾਂਦੀ ਹੈ । ਵੀਣੀ 'ਤੇ ਰੰਗ ਬਿਰੰਗੇ ਰੁਮਾਲ ਬੰਨ੍ਹੇ ਜਾਂਦੇ ਹਨ । ਹੱਥ ਵਿੱਚ ਕੋਕਿਆਂ ਵਾਲੀ ਡਾਂਗ ਹੁੰਦੀ ਹੈ । ਇਹ ਪੰਜਾਬੀ ਜੱਟ ਦਾ ਰਵਾਇਤੀ ਪਹਿਰਾਵਾ ਹੈ । ਤੇੜ ਤਹਿਮਤ ਤੇ ਪੈਰਾਂ ਵਿਚ ਤਿੱਲੇਦਾਰ ਜੁੱਤੀ ਇਸਦੇ ਸ਼ਿੰਗਾਰ ਵਿੱਚ ਹੋਰ ਵਾਧਾ ਕਰਦੀ ਹੈ ।

**129.** ਨਚਾਰਾਂ ਦੇ ਪਹਿਰਾਵੇ ਨੂੰ ਚਾਰ ਚੰਨ ਕਿਸ ਨਾਲ ਲੱਗਦੇ ਹਨ ?

(1) ਝੂੰਮਰ ਨਾਲ (2) ਤਾੜੀ ਗੋਲਾਂ ਨਾਲ (3) ਤਿੱਲੇਦਾਰ ਜੁੱਤੀ ਨਾਲ (4) ਕੀਮਾ-ਮਲਕੀ ਨਾਲ

**130.** ਹੇਠ ਲਿਖਿਆਂ ਵਿੱਚੋਂ ਕਿਹੜਾ ਭਾਗ ਭੰਗੜੇ ਨਾਲ ਸਬੰਧਤ ਨਹੀਂ ?

(1) ਮਸਤੀ (2) ਫ਼ਸਲ ਦੀ ਬਿਜਾਈ (3) ਬਲਦਾਂ ਦੀ ਜੋਗ (4) ਤੀਆਂ

**131.** ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਚੁਣੋ :

(1) ਭੰਗੜਾ (2) ਬਲਦਾਂ ਦੀ ਜੋਗ (3) ਮਿਰਜ਼ਾ (4) ਵਾਸਕਟ

**132.** ਭੰਗੜੇ ਦੇ ਨਚਾਰਾਂ ਦਾ ਪਹਿਰਾਵਾ ਕਿਹੜਾ ਹੈ ?

(1) ਪੈਂਟ-ਕੋਟ (2) ਪਠਾਣੀ ਸੂਟ

(3) ਕਲੀਆਂ ਵਾਲਾ ਕੁੜਤਾ (4) ਸ਼ੇਰਵਾਨੀ

**133.** ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਚੁਣੋ :

(1) ਭੰਗੜਾ-ਪਾਉਣਾ (2) ਕਲੀਆਂ-ਵਾਲਾ (3) ਚਮਕਦੇ-ਬਟਨ (4) ਮਿਰਜ਼ਾ-ਸਾਹਿਬਾਂ

**134.** ਇਨ੍ਹਾਂ ਵਿੱਚੋਂ ਕਿਹੜਾ ਭੰਗੜੇ ਵਿਚ ਨਹੀਂ ਹੁੰਦਾ ?

(1) ਮਿਰਜ਼ਾ (2) ਕ੍ਰਿਕਟ (3) ਜੁਗਨੀ (4) ਤੁਣਕਾ

**135.** 'ਹੁਨਰ' ਦਾ ਸਮਾਨਾਰਥਕ ਸ਼ਬਦ ਚੁਣੋ :

(1) ਕੌਸ਼ਲ (2) ਢੋਲੀ (3) ਸ਼ਮਲਾ (4) ਤੁਣਕਾ

**136.** ਭਾਸ਼ਾ ਵਿਗਿਆਨਕ ਯੋਗਤਾ ਸਿਖਿਆਰਥੀਆਂ ਨੂੰ __________ ਦੇ ਯੋਗ ਬਣਾਉਂਦੀ ਹੈ ।

(1) ਵਿਆਕਰਣਕ ਤੌਰ ਉੱਤੇ ਸਹੀ ਤੇ ਗਲਤ ਵਾਕਾਂ ਵਿਚਲੇ ਅੰਤਰ

(2) ਵਿਆਕਰਣਕ ਤੌਰ ਉੱਤੇ ਸਹੀ ਨਾ ਹੋਣ ਦੇ ਬਾਵਜੂਦ ਰਵਾਨੀ ਨਾਲ ਬੋਲਣ

(3) ਭਾਸ਼ਾ ਦੀ ਕਦੋਂ ਤੇ ਕਿਵੇਂ ਉਚਿਤ ਵਰਤੋਂ ਨੂੰ ਜਾਣਨ

(4) ਅੰਗਰੇਜ਼ੀ ਦੀ ਵੱਧ ਤੋਂ ਵੱਧ ਵਰਤੋਂ

**137.** ਪ੍ਰਾਇਮਰੀ ਪੱਧਰ ਉੱਤੇ ਇਕ ਅਧਿਆਪਕ ਸਿਖਿਆਰਥੀਆਂ ਨੂੰ ਰੰਗ ਭਰਨ ਅਤੇ ਰੇਖਾ ਚਿੱਤਰ ਬਣਾਉਣ ਲਈ ਪ੍ਰੇਰਿਤ ਕਰਦਾ ਹੈ ਕਿਉਂਕਿ ਇਸ ਨਾਲ :

(1) ਸਿਖਿਆਰਥੀਆਂ ਨੂੰ ਜਮਾਤ ਵਿਚ ਸ਼ਾਂਤੀ ਬਰਕਰਾਰ ਰੱਖਣ ਲਈ ਵਿਅਸਤ ਰੱਖਣ ਵਿੱਚ ਮਦਦ ਮਿਲਦੀ ਹੈ ।

(2) ਬਿਹਤਰ ਮੋਟਰ ਕੌਸ਼ਲਾਂ ਨੂੰ ਵਿਕਸਤ ਕਰਨ ਵਿੱਚ ਮਦਦ ਮਿਲਦੀ ਹੈ ।

(3) ਸਿਖਿਆਰਥੀਆਂ ਦਾ ਮਨੋਰੰਜਨ ਕਰਨ ਵਿੱਚ ਮਦਦ ਮਿਲਦੀ ਹੈ ।

(4) ਅਧਿਆਪਕ ਨੂੰ ਅਧਿਆਪਨ ਤੋਂ ਆਰਾਮ ਦੇਣ ਵਿੱਚ ਮਦਦ ਮਿਲਦੀ ਹੈ ।

**138.** ਬੱਚੇ ਉਸ ਸਮੇਂ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਇਕ ਭਾਸ਼ਾ ਸਿਖਦੇ ਹਨ, ਜਦੋਂ ਉਨ੍ਹਾਂ ਕੋਲ/ਉੱਤੇ __________ ਹੋਵੇ ।

(1) ਇਕ ਨਿਪੁੰਨ ਭਾਸ਼ਾ ਅਧਿਆਪਕ (2) ਇਕ ਚੰਗੀ ਪਾਠ-ਪੁਸਤਕ

(3) ਰੋਕ (4) ਪ੍ਰੇਰਣਾ

139. ਇਕ ਅਧਿਆਪਕ ਆਪਣੀ ਜਮਾਤ ਵਿਚ ਸਮੂਹਿਕ ਚਰਚਾ ਅਤੇ ਸਾਥੀਆਂ ਵਿਚ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ। ਉਹ ਸਹੀ ਅੱਖਰਾਂ ਜਾਂ ਉਚਾਰਨ ਦੀਆਂ ਗਲਤੀਆਂ ਦੀ ਪ੍ਰਵਾਹ ਨਹੀਂ ਕਰਦਾ। ਉਹ ਆਪਣੀ ਜਮਾਤ ਵਿਚ __________ ਪਹੁੰਚ ਅਪਣਾਅ ਰਿਹਾ ਹੈ।

(1) ਪਰੰਪਰਕ (2) ਬਿਜਲਈ (3) ਸੰਰਚਨਾਤਮਕ (4) ਉਸਾਰੂ

140. ਇਕ ਅਧਿਆਪਕ ਵਜੋਂ ਤੁਹਾਨੂੰ ਪਤਾ ਲਗਦਾ ਹੈ ਕਿ ਸਬਕ ਵਿੱਚ ਵਰਤੀ ਗਈ ਭਾਸ਼ਾ ਤੁਹਾਡੇ ਸਿਖਿਆਰਥੀਆਂ ਲਈ ਬਹੁਤ ਔਖੀ ਹੈ। ਆਪਣੇ ਸਿਖਿਆਰਥੀਆਂ ਦੇ ਹਿਸਾਬ ਨਾਲ ਤੁਸੀਂ ਭਾਸ਼ਾ ਨੂੰ ਸੁਖਾਲਾ ਬਣਾ ਕੇ ਵਿਸ਼ੇ ਵਿੱਚ ਹੋਰ ਤਬਦੀਲੀਆਂ ਕਰਦੇ ਹੋ। ਜੋ ਤੁਸੀਂ ਕੀਤਾ ਉਸ ਨੂੰ __________ ਕਿਹਾ ਜਾਵੇਗਾ।

(1) ਗ੍ਰਹਿਣ ਕਰਨਾ (2) ਅਨੁਕੂਲਨ (3) ਮੁਲਾਂਕਣ (4) ਰਿਵੀਊ

141. ਅੱਜ ਰਾਜੂ ਬਹੁਤ ਖੁਸ਼ ਹੈ ਕਿਉਂਕਿ ਉਹ ਸਕੂਲ ਜਾ ਰਿਹਾ ਹੈ। ਸਕੂਲ ਆਉਣ ਵਾਲਾ ਉਹ ਆਪਣੇ ਪਰਿਵਾਰ ਵਿੱਚੋਂ ਪਹਿਲਾ ਵਿਅਕਤੀ ਹੈ। ਨਾ ਤਾਂ ਉਸ ਦੇ ਪਰਿਵਾਰ ਵਿੱਚੋਂ ਅਤੇ ਨਾ ਹੀ ਉਸਦੇ ਮਾਪਿਆਂ ਵਿੱਚੋਂ ਕਦੇ ਕੋਈ ਕਿਸੇ ਸਕੂਲ ਵਿੱਚ ਦਾਖਲ ਹੋਇਆ। ਇਸ ਲਈ ਰਾਜੂ ਇਕ __________ ਸਿਖਿਆਰਥੀ ਹੈ।

(1) ਪਹਿਲੀ ਪੀੜ੍ਹੀ ਦਾ (2) ਦੂਜੀ ਪੀੜ੍ਹੀ ਦਾ (3) ਹਾਸ਼ੀਆਗਤ (4) ਘੱਟ ਗਿਣਤੀ

142. ਜਦੋਂ ਤੁਸੀਂ ਪੜ੍ਹਾਉਂਦੇ ਹੋ ਤਾਂ ਤੁਹਾਨੂੰ ਪਤਾ ਲੱਗਦਾ ਹੈ ਕਿ ਪਾਠ-ਪੁਸਤਕ ਦੀ ਸ਼ੁਰੂਆਤ ਕਵਿਤਾਵਾਂ, ਤਸਵੀਰਾਂ, ਕਹਾਣੀਆਂ ਨਾਲ ਹੁੰਦੀ ਹੈ ਅਤੇ ਵਰਣਮਾਲਾ ਨਾਲ ਸਮਾਪਤ ਹੁੰਦੀ ਹੈ। ਭਾਸ਼ਾ ਦੇ ਅਧਿਆਪਨ ਵਿਚ ਇਸ ਕਿਸਮ ਦੇ ਪ੍ਰਬੰਧ ਦੀ ਕਿਹੜੀ ਪਹੁੰਚ ਦਾ ਸੁਝਾਅ ਦਿੱਤਾ ਜਾਂਦਾ ਹੈ ?

(1) ਬੌਟਮ ਅੱਪ (2) ਟੌਪ ਡਾਊਨ ਪਹੁੰਚ (3) ਬਿਜਲਈ ਪਹੁੰਚ (4) ਸੁਹਜਾਤਮਕ ਪਹੁੰਚ

143. ਜਦੋਂ ਭਾਸ਼ਾ ਸਹਿਜ-ਸੁਭਾਅ ਅਤੇ ਬਿਨਾਂ ਕਿਸੇ ਸਿਲਸਿਲੇਵਾਰ ਅਭਿਆਸ ਦੇ ਨਾਲ ਸਿੱਖੀ ਜਾਂਦੀ ਹੈ ਤਾਂ ਇਸ ਨੂੰ ਕਹਿੰਦੇ ਹਨ :

(1) ਵਿਦਵਤਾ (2) ਗ੍ਰਹਿਣਸ਼ੀਲਤਾ (3) ਸਵੀਕ੍ਰਿਤੀ (4) ਸਿਖਲਾਈ

144. __________ ਦੀ ਇਕ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਸਿਖਿਆਰਥੀ ਜੋੜੇ ਜਾਂ ਸਮੂਹ ਵਿਚ ਮਿਲ ਕੇ ਸਮੱਸਿਆ ਦਾ ਹੱਲ ਕਰਦੇ ਹਨ।

(1) ਸੰਚਾਰਾਤਮਕ ਭਾਸ਼ਾ ਅਧਿਆਪਨ (2) ਵਿਵਹਾਰਕ ਪਹੁੰਚ
(3) ਸਮੱਗਰ ਭਾਸ਼ਾ ਦੀ ਪਹੁੰਚ (4) ਸੰਚਾਰਾਤਮਕ ਪਹੁੰਚ

145. 'ਪ੍ਰਦੂਸ਼ਣ' ਦੇ ਵਿਸ਼ੇ ਉੱਤੇ ਇਕ ਪਾਠ- ਯੋਜਨਾ ਤਿਆਰ ਕਰਦਿਆਂ ਤੁਹਾਡਾ ਪਹਿਲਾ ਕਦਮ ਕਿਹੜਾ ਹੋਵੇਗਾ ?

(1) ਆਰੰਭਕ ਪ੍ਰਸ਼ਨ ਤਿਆਰ ਕਰਨੇ। (2) ਵਿਸ਼ੇ ਨੂੰ ਕਈ ਵਾਰੀ ਪੜ੍ਹਨਾ।
(3) ਅਧਿਆਪਨ ਸਮੱਗਰੀ ਦੀ ਚੋਣ। (4) ਉਦੇਸ਼ਾਂ ਦਾ ਨਿਰਮਾਣ।

146. ਇਕ ਅਧਿਆਪਕ ਆਪਣੇ ਸਿਖਿਆਰਥੀਆਂ ਨੂੰ 'ਪਾਣੀ' ਉੱਤੇ ਇਕ ਪੈਰਾ ਲਿਖਣ ਲਈ ਕਹਿੰਦਾ ਹੈ । ਫਿਰ ਸਿਖਿਆਰਥੀ ਉਨ੍ਹਾਂ ਨੂੰ ਸਾਇੰਸ ਅਤੇ ਸਮਾਜ ਵਿਗਿਆਨ ਦੀਆਂ ਜਮਾਤਾਂ ਵਿਚ ਕੀ ਪੜ੍ਹਾਇਆ ਗਿਆ ਹੈ, ਉਸ ਉੱਤੇ ਚਰਚਾ ਕਰਦੇ ਹਨ । ਫਿਰ ਉਹ ਪਾਣੀ ਉੱਤੇ ਪੈਰਾ ਲਿਖਣ ਦੀ ਸ਼ੁਰੂਆਤ ਕਰਦੇ ਹਨ । ਇਹ __________ ਦੀ ਉਦਾਹਰਣ ਹੈ ।

(1) ਵਰਤੀ ਜਾਣ ਵਾਲੀ ਭਾਸ਼ਾ
(2) ਸਾਇੰਸ ਦੀ ਭਾਸ਼ਾ
(3) ਪਾਠਕ੍ਰਮ ਤੋਂ ਪਾਰ ਦੀ ਭਾਸ਼ਾ
(4) ਸੰਚਾਰਾਤਮਕ ਪਹੁੰਚ

147. ਤੁਸੀਂ ਇਕ ਅਜਿਹੇ ਪਿੰਡ ਦੇ ਜੰਮਪਲ ਹੋ, ਜਿਥੇ ਹਰ ਕੋਈ ਹਿੰਦੀ ਬੋਲਦਾ ਹੈ ਅਤੇ ਤੁਸੀਂ ਵੀ ਬਿਨਾਂ ਕਿਸੇ ਸਕੂਲ ਗਏ ਇਹ ਭਾਸ਼ਾ ਵਰਤਣੀ ਸ਼ੁਰੂ ਕਰ ਦਿੱਤੀ । ਮਗਰੋਂ ਜਦੋਂ ਤੁਸੀਂ ਸਕੂਲ ਗਏ ਤਾਂ ਤੁਸੀਂ ਅੰਗਰੇਜ਼ੀ, ਸੰਸਕ੍ਰਿਤ, ਹਿੰਦੀ ਅਤੇ ਉਰਦੂ ਪੜ੍ਹੀ । ਹੁਣ ਤੁਸੀਂ ਅੰਗਰੇਜ਼ੀ ਬੜੀ ਰਵਾਨੀ ਨਾਲ ਬੋਲ ਲੈਂਦੇ ਹੋ । ਹੁਣ ਤੁਹਾਡੀ ਪਹਿਲੀ ਭਾਸ਼ਾ ਕਿਹੜੀ ਹੋਵੇਗੀ ?

(1) ਅੰਗਰੇਜ਼ੀ
(2) ਹਿੰਦੀ
(3) ਉਰਦੂ
(4) ਸੰਸਕ੍ਰਿਤ

148. ਇਕ ਅਧਿਆਪਕ ਆਪਣੀ ਜਮਾਤ ਵਿਚ ਛੱਤਰੀ, ਬਰਸਾਤੀ ਕੋਟ, ਪੇਚਕਸ ਆਦਿ ਅਸਲੀ ਜ਼ਿੰਦਗੀ ਵਾਲੀਆਂ ਵਸਤਾਂ ਲੈ ਕੇ ਆਉਂਦਾ ਹੈ। ਉਹ ਆਪਣੇ ਸਿਖਿਆਰਥੀਆਂ ਨੂੰ ਦੋ ਜਾਂ ਤਿੰਨ ਵਾਕਾਂ ਵਿਚ ਵਸਤਾਂ ਦਾ ਵਰਣਨ ਕਰਨ ਲਈ ਆਖਦਾ ਹੈ । ਅਧਿਆਪਕ ਵੱਲੋਂ ਜਮਾਤ ਵਿਚ ਲਿਆਂਦੀਆਂ ਵਸਤਾਂ ਨੂੰ ਤਕਨੀਕੀ ਤੌਰ ਉੱਤੇ ਕੀ ਕਿਹਾ ਜਾਵੇਗਾ ?

(1) ਭਾਸ਼ਾ ਇਨਪੁੱਟ
(2) ਅਧਿਆਪਨ ਜੰਤਰ
(3) ਟੂਲਜ਼
(4) ਰੇਲੀਆ

149. ਆਪਣੀ ਜਮਾਤ ਵਿੱਚ ਪੜ੍ਹਾਉਣ ਲਈ ਇਕੋ ਵਿਅਕਤੀ ਦੀਆਂ ਦੋ ਤਸਵੀਰਾਂ ਦੀ ਵਰਤੋਂ ਕਰ ਰਹੇ ਹੋ । ਇਕ ਤਸਵੀਰ ਤਾਂ 15 ਸਾਲ ਪਹਿਲਾਂ ਦੀ ਖਿੱਚੀ ਗਈ ਹੈ ਜਦਕਿ ਦੂਜੀ ਹਾਲ ਹੀ ਵਿੱਚ ਖਿੱਚੀ ਗਈ ਹੈ । ਤੁਸੀਂ ਜਮਾਤ ਵਿਚ ਉਸ ਦੇ ਵਰਤਮਾਨ ਤੇ ਭੂਤਕਾਲ ਬਾਰੇ ਗੱਲਬਾਤ ਸ਼ੁਰੂ ਕਰਦੇ ਹੋ । ਹੁਣ ਤੁਸੀਂ ਵਰਤ ਰਹੇ ਹੋ :

(1) ਨਿਰਧਾਰਤ ਵਿਆਕਰਨ
(2) ਸੰਰਚਨਾਤਮਕ ਵਿਆਕਰਨ
(3) ਪੈਡਾਗੌਜੀਕਲ ਵਿਆਕਰਨ
(4) ਨੇਮ ਅਧਾਰਿਤ ਵਿਆਕਰਨ

150. ਇੱਕ ਬਿਆਨ, ਜੋ ਇਕ ਵਿਸ਼ੇਸ਼ ਜਮਾਤ ਜਾਂ ਕੋਰਸ ਦੇ ਅਖੀਰ ਵਿੱਚ ਵਿਦਿਆਰਥੀਆਂ ਵੱਲੋਂ ਹਾਸਲ ਕੀਤੇ ਗਿਆਨ ਕੌਸ਼ਲ ਅਤੇ ਵਿਵਹਾਰ ਦਾ ਵਰਣਨ ਕਰਦਾ ਹੈ, __________ ਦੇ ਅਧੀਨ ਆਉਂਦਾ ਹੈ ।

(1) ਅਧਿਆਪਨ ਸਿੱਟਿਆਂ
(2) ਸਿਖਲਾਈ ਸਿੱਟਿਆਂ
(3) ਅੰਕੜਾ ਗਿਆਨ ਦੇ ਨਤੀਜਿਆਂ
(4) ਬੁਨਿਆਦੀ ਸਾਖਰਤਾ ਦੇ ਨਤੀਜਿਆਂ

- o 0 o -

**SPACE FOR ROUGH WORK**

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ:

1. ਵੱਖੋ-ਵੱਖਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆ ਰੱਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ ’ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਤਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੇ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਤਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦੇ ਅੰਗੂਠੇ ਦੇ ਨਿਸ਼ਾਨ ਨੂੰ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਜ਼ਰੂਰ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾਂ ਦੀ ਪਾਲਣਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ ’ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व उत्तर पत्र निरीक्षक को अवश्य सौंप दें।** ***परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet/Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***